# ਗੁਰੂ ਰਵਿਦਾਸ ਜੀ ਦੇ 650 ਸਾਲਾ ਪ੍ਰਕਾਸ਼ ਦਿਹਾੜੇ ਮੌਕੇ ਗੁਰੂ ਜੀ ਦੀ ਬਾਣੀ ਅਤੇ ਵਿਆਖਿਆ ਦਾ ਗੁਟਕਾ ਸਾਹਿਬ ਹਰੇਕ ਭਾਸ਼ਾ ਵਿੱਚ ਪ੍ਰਕਾਸ਼ਿਤ ਹੋਵੇ

ਗੁਰੂ ਰਵਿਦਾਸ ਜੀ ਦਾ 650 ਸਾਲਾਂ ਪ੍ਰਕਾਸ਼ ਦਿਹਾੜਾ ਸਿਰਫ਼ ਇੱਕ ਇਤਿਹਾਸਕ ਪਲ ਨਹੀਂ, ਸਗੋਂ ਰੂਹਾਨੀ ਜਾਗਰਤੀ ਅਤੇ ਕ੍ਰਾਂਤੀਕਾਰੀ ਫਲਸਫੇ ਨੂੰ ਅਪਣਾਉਣ ਦਾ ਮਹਾਨ ਅਵਸਰ ਹੈ। ਇਸ ਪਵਿੱਤਰ ਸਾਲ ਵਿੱਚ ਗੁਰੂ ਸਾਹਿਬ ਦੀ ਬਾਣੀ ਨੂੰ ਘਰ-ਘਰ ਤੱਕ ਪਹੁੰਚਾਉਣਾ ਸਭ ਤੋਂ ਵੱਡੀ ਸੇਵਾ ਹੈ। ਗੁਰੂ ਰਵਿਦਾਸ ਜੀ ਦੀ ਬਾਣੀ ਜੋ ਸੱਚ, ਪ੍ਰੇਮ, ਨਿਮਰਤਾ, ਸਮਾਨਤਾ ਤੇ ਬੇਗ਼ਮ-ਪੁਰਾ ਦੇ ਆਦਰਸ਼ਾਂ ਦੀ ਜੋਤ ਨਾਲ ਭਰੀ ਹੈ, ਸਮੁੱਚੀ ਮਨੁੱਖਤਾ ਦੀ ਪੱਥ-ਪ੍ਰਦਰਸ਼ਕ ਹੈ।

ਇਸ ਪ੍ਰਕਾਸ਼ ਦਿਹਾੜੇ ਦੀ ਸ਼ਾਨ ਵਧਾਉਣ ਲਈ ਜੇ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਗੁਟਕਾ ਸਾਹਿਬ ਵਿਆਖਿਆ ਸਹਿਤ ਵੱਖ-ਵੱਖ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਕਰਕੇ ਪਾਠਕਾਂ ਤੱਕ ਪਹੁੰਚਾਇਆ ਜਾਵੇ, ਤਾਂ ਇਹ ਇੱਕ ਬਹੁਤ ਵੱਡੀ ਅਧਿਆਤਮਕ ਅਤੇ ਜਾਗ੍ਰਿਤੀ ਭਰਪੂਰ ਸੇਵਾ ਹੋਵੇਗੀ। ਗੁਰੂ ਜੀ ਦੀ ਬਾਣੀ ਕਿਸੇ ਇੱਕ ਜਾਤ, ਧਰਮ ਜਾਂ ਖੇਤਰ ਦੀ ਨਹੀਂ, ਸਗੋਂ ਸਾਰੀ ਮਨੁੱਖਤਾ ਦੀ ਧਰੋਹਰ ਹੈ। ਇਸ ਕਰਕੇ ਇਸਨੂੰ ਪੰਜਾਬੀ ਦੇ ਨਾਲ-ਨਾਲ ਹਿੰਦੀ, ਅੰਗਰੇਜ਼ੀ, ਮਰਾਠੀ, ਤਾਮਿਲ, ਤੇਲਗੂ, ਸੰਸਕ੍ਰਿਤ, ਅਰਬੀ, ਫਾਰਸੀ, ਬੰਗਾਲੀ, ਉਰਦੂ ਅਤੇ ਹੋਰ ਭਾਸ਼ਾਵਾਂ ਵਿੱਚ ਉਪਲਬਧ ਕਰਵਾਉਣਾ ਸਮੇਂ ਦੀ ਲੋੜ ਵੀ ਹੈ ਅਤੇ ਲੋਕ ਭਲਾਈ ਦਾ ਪਵਿੱਤਰ ਕਾਰਜ ਵੀ ਹੈ।

ਜਦੋਂ ਇੱਕ ਸਾਧਾਰਣ ਪਾਠਕ ਆਪਣੇ ਮਨਪਸੰਦ ਭਾਸ਼ਾ ਵਿੱਚ ਗੁਰੂ ਜੀ ਦੀ ਬਾਣੀ ਪੜ੍ਹਦਾ ਹੈ, ਤਾਂ ਉਸ ਦੇ ਹਿਰਦੇ ਵਿੱਚ ਇੱਕ ਨਵਾਂ ਚਾਨਣ ਜਗਦਾ ਹੈ। ਇਹ ਚਾਨਣ ਇੱਕ ਐਸੀ ਰੋਸ਼ਨੀ ਹੈ ਜੋ ਮਨੁੱਖ ਦੇ ਅੰਦਰੋਂ ਅੰਧਕਾਰ, ਭੇਦਭਾਵ ਅਤੇ ਗ਼ਮਾਂ ਦੇ ਪਰਦੇ ਹਟਾ ਕੇ ਉਸ ਨੂੰ ਬੇਗ਼ਮਪੁਰੇ ਦਾ ਰਾਹੀ ਬਣਾਉਂਦੀ ਹੈ।

ਵੱਖ-ਵੱਖ ਭਾਸ਼ਾਵਾਂ ਵਿੱਚ ਗੁਟਕਾ ਸਾਹਿਬ ਦਾ ਪ੍ਰਕਾਸ਼ਨ ਗੁਰੂ ਰਵਿਦਾਸ ਜੀ ਦੀ ਉਸ ਮਹਾਨ ਬਾਣੀ ਨੂੰ ਉਨ੍ਹਾਂ ਲੋਕਾਂ ਤੱਕ ਪਹੁੰਚਾਏਗਾ ਜੋ ਇਸ ਦੀ ਖੁਸ਼ਬੂ ਤੋਂ ਅਜੇ ਤੱਕ ਅਨਜਾਣ ਹਨ। ਜਿਵੇਂ ਸੂਰਜ ਦੀ ਕਿਰਣ ਕਿਸੇ ਇੱਕ ਦਿਸ਼ਾ ਤੱਕ ਸੀਮਤ ਨਹੀਂ ਰਹਿੰਦੀ, ਸੇ ਤਰ੍ਹਾਂ ਗੁਰੂ ਰਵਿਦਾਸ ਜੀ ਦੇ ਉਪਦੇਸ਼ ਵੀ ਸਰਬ-ਵਿਆਪਕ ਹਨ। ਇਸ ਲਈ ਬਾਣੀ ਦਾ ਹਰ ਭਾਸ਼ਾ ਵਿੱਚ ਪ੍ਰਕਾਸ਼ਨ ਮਨੁੱਖਤਾ ਦੇ ਪੱਧਰ ਤੇ ਇੱਕ ਰੂਹਾਨੀ ਏਕਤਾ ਦਾ ਪੁਲ ਬਣੇਗਾ।

ਇਸ ਪਾਵਨ ਬਾਣੀ ਦਾ ਗੁਟਕਾ ਸਾਹਿਬ, ਧਾਰਮਿਕ ਸੰਸਥਾਵਾਂ, ਗੁਰਦੁਆਰਾ ਸੰਗਤਾਂ, ਲਾਇਬ੍ਰੇਰੀਆਂ, ਸਕੂਲ-ਕਾਲਜਾਂ ਅਤੇ ਗੁਰੂ ਰਵਿਦਾਸ ਮਾਰਗ ਤੇ ਤੁਰਦੀਆਂ ਸਾਰੀਆਂ ਸੰਗਤਾਂ ਤੱਕ ਪਹੁੰਚਾਉਣ ਨਾਲ ਇੱਕ ਵੱਡਾ ਰੂਹਾਨੀ ਜਾਗਰਣ ਖੜ੍ਹਾ ਹੋ ਸਕਦਾ ਹੈ। ਹਰ ਘਰ ਵਿੱਚ ਜੇ ਗੁਰੂ ਜੀ ਦੀ ਬਾਣੀ ਦਾ ਇੱਕ ਗੁਟਕਾ ਹੋਵੇ ਅਤੇ ਉਸ ਘਰ ਦੇ ਵਾਸੀ ਗੁਰੂ ਜੀ ਦੀ ਬਾਣੀ ਦਾ ਅਧਿਐਨ ਕਰਨ ਤਾਂ ਤਦ ਉਹ ਘਰ ਸਚਮੁੱਚ ਸਤਿਗੁਰੁ ਦੀ ਰੋਸ਼ਨੀ ਨਾਲ ਭਰਿਆ ਰਹੇਗਾ।

ਇਹ ਪਾਵਨ ਬਾਣੀ ਉਹ ਰੋਸ਼ਨੀ ਬਣੇ ਜੋ ਹਰ ਮਨੁੱਖ ਦੀ ਮੱਤ ਨੂੰ ਉੱਚੀ ਕਰੇ, ਹਰ ਜੀਵ ਨੂੰ ਸਮਾਨਤਾ ਦੀ ਜੋਤ ਨਾਲ ਜੋੜੇ ਅਤੇ ਮਨੁੱਖਤਾ ਦੇ ਰਸਤੇ ਉੱਤੇ ਰੂਹਾਨੀ ਪਰਿਵਰਤਨ ਲਿਆਵੇ। ਇਹ ਗੁਰੂ ਰਵਿਦਾਸ ਜੀ ਦੇ 650 ਸਾਲਾ ਪ੍ਰਕਾਸ਼ ਦਿਹਾੜੇ ਦੀ ਸਭ ਤੋਂ ਸੁੰਦਰ ਭੇਟ ਹੋਵੇਗੀ। ਇਸ ਸਬੰਧੀ ਹੇਠ ਲਿਖੇ ਸੁਝਾਵਾਂ ਨੂੰ ਵੀ ਅਪਣਾਇਆ ਜਾ ਸਕਦਾ ਹੈ।

(ੳ) ਬੇਗ਼ਮਪੁਰੇ ਦੇ ਸੰਕਲਪ ਦੀ ਪੂਰਤੀ ਅਤੇ ਗੁਰੂ ਰਵਿਦਾਸ ਨਾਮ ਲੇਵਾ ਸਮਾਜ ਨੂੰ ਸੰਗਠਿਤ ਹੋਣ ਦੀ ਲੋੜ

ਅੱਜ ਗੁਰੂ ਰਵਿਦਾਸ ਨਾਮ ਲੇਵਾ ਸਮਾਜ ਦੀ ਸਭ ਤੋਂ ਵੱਡੀ ਚਿੰਤਾ ਇਹ ਹੈ ਕਿ ਸਮਾਜ ਵੱਖ-ਵੱਖ ਰਸਤਿਆਂ, ਗਰੁੱਪਾਂ ਅਤੇ ਸੋਚਾਂ ਵਿੱਚ ਵੰਡਿਆ ਹੋਇਆ ਨਜ਼ਰ ਆ ਰਿਹਾ ਹੈ। ਜਿੱਥੇ ਗੁਰੂ ਰਵਿਦਾਸ ਜੀ ਦੀ ਬਾਣੀ ਸੰਗਠਿਤ ਹੋ ਕੇ ਪ੍ਰੇਮ, ਨਿਮਰਤਾ ਅਤੇ ਬੇਗ਼ਮਪੁਰੇ ਦੇ ਸੰਕਲਪ ਨੂੰ ਪੂਰਾ ਕਰਨ ਦੀ ਗੱਲ ਕਰਦੀ ਹੈ, ਥੇ ਅਸੀਂ ਆਪ ਹੀ ਇੱਕ-ਦੂਜੇ ਤੋਂ ਦੂਰ ਹੋ ਰਹੇ ਹਾਂ। ਹਕੀਕਤ ਤਾਂ ਇਹ ਹੈ ਕਿ ਬੇਗ਼ਮਪੁਰਾ ਰਾਜ ਉਸ ਸਮੇਂ ਸਾਕਾਰ ਹੀ ਹੋ ਸਕਦਾ ਹੈ ਜਦੋਂ ਸਾਰਾ ਸਮਾਜ ਇਕ ਪਲੇਟਫਾਰਮ ਤੇ ਇਕੱਠਾ ਖੜਾ ਹੋਵੇ, ਇੱਕ ਸੁਰ ਵਿੱਚ ਬੋਲੇ ਅਤੇ ਇੱਕ ਦਿਸ਼ਾ ਵੱਲ ਕਦਮ ਵਧਾਵੇ।

ਗੁਰੂ ਰਵਿਦਾਸ ਜੀ ਦੇ ਸੰਕਲਪ ਵਿੱਚ "ਬੇਗ਼ਮ-ਪੁਰਾ" ਉਹ ਰਾਜ ਹੈ ਜਿੱਥੇ ਕਿਸੇ ਨੂੰ ਕੋਈ ਗ਼ਮ, ਦੁਖ, ਚਿੰਤਾ ਅਪਮਾਨ ਜਾਂ ਭੇਦਭਾਵ ਨਹੀਂ। ਜਿੱਥੇ ਸਭ ਨੂੰ ਬਰਾਬਰੀ ਮਿਲੇ, ਜਿੱਥੇ ਪ੍ਰੇਮ ਦੀਆਂ ਕਿਰਨਾਂ ਹਰੇਕ ਮਨੁੱਖ ਦੇ ਦਿਲ ਨੂੰ ਛੂਹਣ। ਇਹ ਰਾਜ ਕਦੇ ਵੀ ਵੰਡੇ ਹੋਏ ਸਮਾਜ ਨਾਲ ਨਹੀਂ ਬਣ ਸਕਦਾ। ਇਕ-ਦੂਜੇ ਨਾਲ ਟਕਰਾਉਣ ਵਾਲੇ ਪਰਿਵਾਰ ਕਦੇ ਵੀ ਇੱਕ ਘਰ ਨਹੀਂ ਬਣਾ ਸਕਦੇ; ਸੇ ਤਰ੍ਹਾਂ ਵੱਖਰੇ ਵੱਖਰੇ ਗਰੁੱਪਾਂ ਵਿੱਚ ਵੰਡਿਆ ਹੋਇਆ ਸਮਾਜ ਕਦੇ ਵੀ ਗੁਰੂ ਜੀ ਦੇ ਆਦਰਸ਼ਾਂ ਨੂੰ ਪੂਰਾ ਨਹੀਂ ਕਰ ਸਕਦਾ। ਇਕ ਪਲੇਟਫਾਰਮ ਉੱਤੇ ਇਕੱਠੇ ਹੋ ਕੇ 650 ਸਾਲਾ ਪ੍ਰਕਾਸ਼ ਦਿਹਾੜਾ ਮਨਾਉਂਣਾ ਬਹੁਤ ਸ਼ੋਭਨੀਕ ਹੋਵੇਗਾ।

1. ਸਾਂਝੀ ਧਾਰਮਿਕ ਮਰਯਾਦਾ ਤਹਿ ਕੀਤੀ ਜਾਵੇ –

ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਉਪਦੇਸ਼ਾਂ ਨੂੰ ਅਧਾਰ ਬਣਾ ਕੇ ਇੱਕ ਸਾਂਝੀ ਮਰਯਾਦਾ ਤਿਆਰ ਕੀਤੀ ਜਾਵੇ। ਜਦ ਮਰਯਾਦਾ ਇੱਕੋ ਹੋਵੇਗੀ, ਰਸਤੇ ਆਪਣੇ ਆਪ ਇੱਕ ਹੋ ਜਾਣਗੇ।

2. ਸੰਗਤਾਂ ਦੀ ਨਿਰੰਤਰ ਸੰਯੁਕਤ ਬੈਠਕਾਂ –

ਪਿੰਡ, ਸ਼ਹਿਰ ਅਤੇ ਜ਼ਿਲ੍ਹਾ ਪੱਧਰ ਉੱਤੇ ਮਾਸਿਕ ਜਾਂ ਤਿਮਾਹੀ ਸੰਯੁਕਤ ਮੀਟਿੰਗਾਂ ਹੋਣ। ਜਿੱਥੇ ਸੋਚਾਂ ਦਾ ਵਟਾਂਦਰਾ ਹੋਵੇ, ਗਲਤ ਫ਼ਹਿਮੀਆਂ ਦੂਰ ਹੋਣ, ਅਤੇ ਏਕਤਾ ਵਧੇ।

3. ਇਕ ਸਾਂਝਾ ਕੇਂਦਰੀ ਪਲੇਟਫਾਰਮ –

ਇੱਕ ਅਜਿਹੀ ਸਾਂਝੀ ਬਾਡੀ ਜਾਂ ਕੌਂਸਲ ਬਣਾਈ ਜਾਵੇ ਜਿਸ ਵਿੱਚ ਹਰ ਗਰੁੱਪ, ਹਰ ਜਥੇਬੰਦੀ, ਗੁਰੂ ਰਵਿਦਾਸ ਜੀ ਦਾ ਹਰ ਧਾਰਮਿਕ ਅਸਥਾਨ ਤੇ ਧਾਰਮਿਕ ਸੰਸਥਾ ਦਾ ਇੱਕ ਨੁਮਾਇੰਦਾ ਹੋਵੇ। ਇਹ ਪਲੇਟਫਾਰਮ ਸਾਰੇ ਸਮਾਜ ਦਾ ਰਾਹ-ਦਰਸ਼ਨ ਕਰ ਸਕਦਾ ਹੈ।



4. ਸੰਯੁਕਤ ਪ੍ਰਕਾਸ਼ ਦਿਹਾੜੇ ਤੇ ਸਮਾਜਿਕ ਸਮਾਗਮ –

ਸਭ ਗਰੁੱਪ ਮਿਲ ਕੇ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ, ਬਾਣੀ ਪ੍ਰਚਾਰ, ਕੀਰਤਨ ਦਰਬਾਰਾਂ ਅਤੇ ਸਮਾਜਿਕ ਸੇਵਾਵਾਂ ਨੂੰ ਇਕੱਠੇ ਹੋ ਕੇ ਕਰਨ।

5. ਸਿੱਖਿਆ ਅਤੇ ਜਾਗਰੂਕਤਾ ਪ੍ਰੋਗਰਾਮ –

ਨੌਜਵਾਨ ਪੀੜ੍ਹੀ ਨੂੰ ਗੁਰੂ ਜੀ ਦੀ ਵਿਚਾਰਧਾਰਾ, ਸਾਂਝੀਵਾਲਤਾ, ਸਮਾਨਤਾ ਸੁਤੰਤਰਤਾ ਅਤੇ ਮਨੁੱਖਤਾ ਦੀ ਭਲਾਈ ਦੇ ਮੁੱਢਲੇ ਮੁੱਲਾਂ ਨਾਲ ਜੋੜਨਾ ਬਹੁਤ ਜ਼ਰੂਰੀ ਹੈ। ਨੌਜਵਾਨ ਇੱਕਜੁੱਟ ਹੋਣ ਤਾਂ ਪੂਰਾ ਸਮਾਜ ਇੱਕਜੁੱਟ ਹੋ ਜਾਂਦਾ ਹੈ।



ਬਖਸ਼ੀ ਰਾਮ ਦਰਾਵਾਂ

6. ਸਮਾਜਕ ਵੰਡਾਂ ਨੂੰ ਮਨਾਂ ਤੋਂ ਮਿਟਾਉਣਾ –

ਗੁਰੂ ਜੀ ਨੇ ਕਦੇ ਕਿਸੇ ਵਿਚਕਾਰ ਫ਼ਰਕ ਨਹੀਂ ਕੀਤਾ। ਇਸ ਲਈ ਸਮਾਜ ਨੂੰ ਵੀ ਜਾਤ, ਪੰਥ, ਸੰਗਤ ਜਾਂ ਕਿਸੇ ਹੰਕਾਰ ਦੇ ਆਧਾਰ ਤੇ ਵੰਡਾਂ ਖਤਮ ਕਰ ਕੇ ਏਕੇ ਦਾ ਬਿਗਲ ਬਜ-ਾਉਣਾ ਚਾਹੀਦਾ ਹੈ।

(ਅ) 650 ਸਾਲਾ ਪ੍ਰਕਾਸ਼ ਦਿਹਾੜਾ—ਵਹਿਮ-ਭਰਮਾਂ ਝੂਠੇ ਅਡੰਬਰਾਂ ਅਤੇ ਅੰਧ-ਵਿਸ਼ਵਾਸਾਂ ਤੋਂ ਮੁਕਤੀ ਦਾ ਸਾਲ

ਗੁਰੂ ਰਵਿਦਾਸ ਜੀ ਦੇ 650 ਸਾਲਾ ਪ੍ਰਕਾਸ਼ ਦਿਹਾੜੇ ਦਾ ਇਹ ਪਵਿਤਰ ਸਮਾਂ ਸਾਨੂੰ ਮਨਨ, ਚਿੰਤਨ ਅਤੇ ਆਤਮ ਜਾ-ਗਰਤੀ ਦੀ ਸੱਦਾ ਦੇ ਰਿਹਾ ਹੈ। ਇਹ ਸਿਰਫ਼ ਸਮਾਰੋਹਾਂ ਦਾ ਵਰ੍ਹਾ ਨਹੀਂ ਇਹ ਉਹ ਸਾਲ ਹੈ ਜਿੱਥੇ ਅਸੀਂ ਆਪਣੇ ਜੀਵਨ ਦੇ ਆਧਾਰ ਨੂੰ ਮੁੜ ਵੇਖ ਸਕੀਏ ਕਿ ਕੀ ਅਸੀਂ ਗੁਰੂ ਸਾਹਿਬਾਨਾਂ ਦੇ ਸਿਧਾਂਤਾਂ 'ਤੇ ਤੁਰ ਰਹੇ ਹਾਂ ਜਾਂ ਵਹਿਮ-ਭਰਮ ਅਤੇ ਅਡੰਬਰਾਂ ਵਿੱਚ ਫਸ ਹੋਏ ਹਾਂ।

ਅੱਜ ਸਮਾਜ ਵਿੱਚ ਧਾਰਮਿਕ ਝੂਠੇ ਅਡੰਬਰ, ਪਾਖੰਡ, ਡਰ, ਅੰਧ ਵਿਸ਼ਵਾਸ ਅਤੇ ਝੂਠ-ਫਰੇਬ ਸਿਲਸਿਲਾ ਜ਼ੋਰਾਂ ਤੇ ਹੈ। ਲੋਕ ਧਾਰਮਿਕਤਾ ਦੇ ਨਾਮ 'ਤੇ ਬੇਲੋੜੀਆਂ ਰਸਮਾਂ ਵਿੱਚ ਫਸ ਰਹੇ ਹਨ, ਪਰ ਸੱਚੇ ਗੁਰੂ ਦੇ ਗਿਆਨ ਤੋਂ ਦੂਰ ਹੋ ਰਹੇ ਹਨ। ਗੁਰੂ ਰਵਿਦਾਸ ਜੀ ਦੀ ਬਾਣੀ ਸਾਨੂੰ ਸਪਸ਼ਟ ਆਵਾਜ਼ ਦਿੰਦੀ ਹੈ—

"ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥"

ਗੁਰੂ ਦਾ ਗਿਆਨ ਅੰਧ ਵਿਸ਼ਵਾਸਾਂ ਨੂੰ ਮਿਟਾ ਕੇ ਮਨੁੱਖ ਨੂੰ ਉੱਚੀ ਸੋਚ ਵਾਲਾ ਬਣਾ ਦਿੰਦਾ ਹੈ।

ਵਹਿਮ-ਭਰਮ ਅਤੇ ਪਾਖੰਡਾਂ ਤੋਂ ਬਚੋ — ਕਿਉਂਕਿ ਇਹ ਬੇਗ਼ਮਪੁਰੇ ਦਾ ਰਾਹ ਰੋਕਦੇ ਹਨ।

ਗੁਰੂ ਸਾਹਿਬਾਨਾਂ ਨੇ ਧਾਰਮਿਕ ਆਡੰਬਰਾ ਜਾਂ ਵਿਧੀ ਵਿਧਾਨਾਂ ਨੂੰ ਧਾਰਮਿਕਤਾ ਨਹੀਂ ਮੰਨਿਆ।

✓ ਤਸਵੀਰਾਂ, ਮੂਰਤੀਆਂ ਵਿੱਚ ਗੁਰੂ ਜਾਂ ਪਰਮਾਤਮਾ ਨਹੀਂ।

ਗੁਰੂ ਆਪਣੀ ਬਾਣੀ ਵਿੱਚ ਵਸਦਾ ਹੈ। ਜਿਸ ਨੂੰ ਅਪਣਾਉਣ ਨਾਲ ਹੀ ਉਸ ਦੀ ਪ੍ਰਾਪਤੀ ਹੋ ਸਕਦੀ ਹੈ।

✓ ਨਾ ਕੋਈ ਰਸਮਾਂ 'ਚ ਮੁਕਤੀ।
✓ ਨਾ ਡਰ-ਧਮਕੀਆਂ 'ਚ ਆਸਥਾ।

ਗੁਰੂ ਰਵਿਦਾਸ ਜੀ ਦਾ ਉਪਦੇਸ਼ ਹੈ — ਧਰਮ ਉਹ ਹੈ ਜੋ ਮਨੁੱਖ ਨੂੰ ਸੁਚੇਤ, ਸੱਚਾ, ਸੇਵਾ ਦੀ ਭਾਵਨਾ ਵਾਲਾ ਅਤੇ ਦਇਆਵਾਨ ਬਣਾਏ।

ਰਸਮਾਂ ਨਹੀਂ, ਗਿਆਨ ਮਨੁੱਖ ਨੂੰ ਅੱਗੇ ਵਧਾਉਂਦਾ ਹੈ।

ਅੰਧ ਵਿਸ਼ਵਾਸ ਨਹੀਂ, ਸਹੀ ਸੋਚ ਮਨੁੱਖ ਦੇ ਜੀਵਨ ਨੂੰ ਬਦਲਦੀ ਹੈ।

ਇਸ 650ਵੇਂ ਪ੍ਰਕਾਸ਼ ਦਿਹਾੜੇ ਤੇ ਸਾਨੂੰ ਕੀ ਅਪਣਾਉਣਾ ਚਾਹੀਦਾ ਹੈ?

1. ਸੱਚੇ ਗਿਆਨ ਨੂੰ ਅਪਣਾਈਏ

ਗੁਰੂ ਬਾਣੀ ਨੂੰ ਪੜ੍ਹਨਾ, ਸਮਝਣਾ ਅਤੇ ਜੀਵਨ ਵਿੱਚ ਲਾਗੂ ਕਰਨਾ ਧਾਰਮਿਕਤਾ ਦੀ ਸਭ ਤੋਂ ਉੱਚੀ ਅਵਸਥਾ ਹੈ।

✓ ਗੁਰੂ ਬਾਣੀ ਰੋਜ਼ ਪੜ੍ਹੀਏ
✓ ਰਸਮਾਂ ਦੀ ਥਾਂ ਮੱਤ ਨੂੰ ਜਗਾਈਏ
✓ ਬੱਚਿਆਂ ਅਤੇ ਨੌਜਵਾਨਾਂ ਵਿੱਚ ਗਿਆਨ ਦਾ ਪ੍ਰਚਾਰ ਕਰੀਏ

2। ਮਨੁੱਖਤਾ ਦੇ ਗੁਣ—ਸੱਚਾਈ, ਇਮਾਨਦਾਰੀ, ਦਇਆ, ਸੇਵਾ

ਗੁਰੂ ਰਵਿਦਾਸ ਜੀ ਦੀ ਸਾਰੀ ਬਾਣੀ ਮਨੁੱਖੀ ਗੁਣਾਂ ਨੂੰ ਉੱਚਾ ਚੁੱਕਣ ਦੀ ਸਿੱਖਿਆ ਹੈ।

✓ ਸੱਚਾਈ — ਬੋਲ ਵਿੱਚ ਪਵਿਤ੍ਰਤਾ
✓ ਇਮਾਨਦਾਰੀ — ਕਮਾਈ ਵਿੱਚ ਪਵਿੱਤਰਤਾ
✓ ਦਇਆ — ਦਿਲ ਵਿੱਚ ਮਨੁੱਖਤਾ
✓ ਸੇਵਾ — ਸਮਾਜ ਲਈ ਪਿਆਰ

ਇਹ ਚਾਰ ਗੁਣ ਕਿਸੇ ਵੀ ਵਹਿਮ-ਭਰਮ ਤੋਂ ਵੱਧ ਤਾਕਤਵਰ ਹਨ।

3. ਝੂਠੇ ਧਾਰਮਿਕ ਠੇਕੇਦਾਰਾਂ ਤੋਂ ਸਾਵਧਾਨ ਰਹੋ

ਕਈ ਲੋਕ ਧਾਰਮਿਕਤਾ ਦੇ ਨਾਮ 'ਤੇ ਡਰ ਵੇਚਦੇ ਹਨ, ਫਰੇਬ ਫੈਲਾਉਂਦੇ ਹਨ।

ਗੁਰੂ ਰਵਿਦਾਸ ਜੀ ਦਾ ਰਸਤਾ ਹੈ—

"ਮਨ ਚੰਗਾ ਤਾਂ ਕਠੌਤੀ ਵਿਚ ਗੰਗਾ।"

ਸੱਚਾ ਧਰਮ ਮਨ ਦੇ ਅੰਦਰ ਹੈ, ਕਿਸੇ ਡਰ ਵਿੱਚ ਨਹੀਂ।

4. ਬੇਗ਼ਮਪੁਰੇ ਦੇ ਸੰਦੇਸ਼ ਨੂੰ ਅਸਲੀਅਤ ਵਿੱਚ ਜੀਵੋ

ਬੇਗ਼ਮਪੁਰਾ ਕੇਵਲ ਇਕ ਰਾਜ ਨਹੀਂ, ਇੱਕ ਸੋਚ ਹੈ—

✓ ਜਿੱਥੇ ਕੋਈ ਡਰ ਨਹੀਂ
✓ ਕੋਈ ਦੁੱਖ ਨਹੀਂ
✓ ਕੋਈ ਝੂਠ ਨਹੀਂ
✓ ਕੋਈ ਪਾਖੰਡ ਨਹੀਂ
✓ ਸਿਰਫ਼ ਸੱਚ, ਨਿਆਂ ਅਤੇ ਸਮਾਨਤਾ

ਇਹ ਸੋਚ ਅਸੀਂ ਤਦ ਹੀ ਜੀਅ ਸਕਦੇ ਹਾਂ ਜਦੋਂ ਮਨ ਵਿੱਚੋਂ ਅੰਧ ਵਿਸ਼ਵਾਸਾਂ ਦੇ ਜਾਲ ਨੂੰ ਦੂਰ ਕਰੀਏ।

5। ਸਮਾਜਿਕ ਦੇ ਪੱਧਰ 'ਤੇ ਬਾਣੀ ਅਧਿਐਨ ਅਤੇ ਸਿੱਖਿਆ 'ਤੇ ਜ਼ੋਰ

✓ ਗੁਰੂ ਬਾਣੀ ਕਲਾਸਾਂ
✓ ਬੱਚਿਆਂ ਲਈ ਆਦਰਸ਼ ਕੈਂਪ
✓ ਨੌਜਵਾਨਾਂ ਲਈ ਬਾਣੀ ਵਿਚਾਰ ਬਾਰੇ ਚਰਚਾ
✓ ਸੱਚਾਈ ਬਾਰੇ ਸੈਮੀਨਾਰ

ਗਿਆਨ ਨਾਲ ਸਮਾਜ ਬਦਲਦਾ ਹੈ, ਰਸਮਾਂ ਨਾਲ ਨਹੀਂ। 650 ਸਾਲਾ ਪ੍ਰਕਾਸ਼ ਦਿਹਾੜਾ: ਵਹਿਮ-ਭਰਮਾਂ ਝੂਠੇ ਅਡੰਬਰਾਂ ਤੋਂ ਮੁਕਤੀ ਦਾ ਸਾਲ ਹੋਣਾ ਚਾਹੀਦਾ ਹੈ।

ਇਹ ਸਾਲ ਸਾਨੂੰ ਸੱਦਾ ਦੇ ਰਿਹਾ ਹੈ—
ਵਹਿਮ ਛੱਡੋ, ਭਰਮ ਛੱਡੋ --ਸੱਚ ਅਪਣਾ ।
ਅੰਧ ਵਿਸ਼ਵਾਸ ਛੱਡੋ--- ਗਿਆਨ ਅਪਣਾ ।
ਪਾਖੰਡ ਛੱਡੋ--- ਸਚਾਈ-ਸੇਵਾ-ਦਇਆ ਅਪਣਾ ।

ਜੇ ਅਸੀਂ ਗੁਰੂ ਰਵਿਦਾਸ ਜੀ ਦੀ ਸਿੱਖਿਆ ਨੂੰ ਜੀਵਨ ਦਾ ਆਧਾਰ ਬਣਾ ਲਈਏ, ਤਾਂ ਹਰ ਘਰ, ਹਰ ਗਲੀ, ਹਰ ਪਿੰਡ, ਹਰ ਮਨ ਵਿੱਚ ਬੇਗ਼ਮਪੁਰੇ ਦਾ ਰੋਸ਼ਨੀ ਭਰਿਆ ਰਾਜ ਫੈਲ ਸਕਦਾ ਹੈ। ਇਹੀ ਹੈ 650 ਸਾਲਾ ਪ੍ਰਕਾਸ਼ ਦਿਹਾੜੇ ਦੀ ਸਭ ਤੋਂ ਵੱਡੀ ਸੇਵਾ।

(ੲ) ਗੁਰੂ ਰਵਿਦਾਸ ਜੀ ਦਾ 650 ਸਾਲਾ ਪ੍ਰਕਾਸ਼ ਦਿਹਾੜਾ ਸਾਦੇ ਢੰਗ, ਸਾਦਗੀ ਅਤੇ ਪਵਿੱਤਰਤਾ ਨਾਲ ਮਨਾਉਣ ਦੀ ਅਪੀਲ।

ਗੁਰੂ ਰਵਿਦਾਸ ਜੀ ਦਾ 650 ਸਾਲਾ ਪ੍ਰਕਾਸ਼ ਦਿਹਾੜਾ ਸਾਡੇ ਲਈ ਕੇਵਲ ਇੱਕ ਸਮਾਗਮ ਨਹੀਂ, ਸਗੋਂ ਇੱਕ ਪਵਿੱਤਰ ਅਵਸਰ ਹੈ— ਗੁਰੂ ਸਾਹਿਬ ਦੇ ਫਲਸਫੇ ਨਾਲ ਜੁੜਨ ਦਾ ਮੌਕਾ, ਜੋ ਗੁਰੂ ਸਾਹਿਬਾਨ ਨੇ ਸਾਨੂੰ ਬਖ਼ਸ਼ਿਆ। ਇਸ ਮਹਾਨ ਸ਼ਤਾਬਦੀ ਪ੍ਰਕਾਸ਼ ਦਿਹਾੜੇ ਨੂੰ ਮਨਾਉਂਦੇ ਹੋਏ ਇਹ ਜ਼ਰੂਰੀ ਹੈ ਕਿ ਅਸੀਂ ਉਨ੍ਹਾਂ ਦੀ ਬਾਣੀ ਦੇ ਆਦਰਸ਼ਾਂ ਨੂੰ ਆਪਣੇ ਅਧਿਆਤਮਕ ਅਤੇ ਸਮਾਜਕ ਜੀਵਨ ਵਿੱਚ ਉਤਾਰਣ ਦਾ ਯਤਨ ਕਰੀਏ।

ਗੁਰੂ ਸਾਹਿਬ ਸਾਡੀ ਰਾਹਨੁਮਾਈ ਕਰਦੇ ਹਨ ਕਿ ਧਰਮ ਦਾ ਸੱਚਾ ਰੂਪ ਦਿਲਾਂ ਦੀ ਪਵਿਤ੍ਰਤਾ, ਸਾਦਗੀ ਅਤੇ ਸੇਵਾ ਵਿੱਚ ਹੈ। ਇਸੇ ਨੂੰ ਧਿਆਨ ਵਿੱਚ ਰੱਖਦੇ ਹੋਏ, ਪ੍ਰਕਾਸ਼ ਦਿਹਾੜੇ ਦੇ ਸਮਾਰੋਹਾਂ ਵਿੱਚ ਬੇਲੋੜੇ ਖ਼ਰਚੇ, ਦਿਖਾਵੇ, ਸ਼ੋਰ-ਸ਼ਰਾਬੇ ਤੇ ਹੋੜ ਦੀ ਬਿਜਾਏ, ਅਸੀਂ ਸਹਿਜਤਾ, ਨਿਮਰਤਾ ਅਤੇ ਸਰਲਤਾ ਦੀ ਰੀਤ ਨੂੰ ਅਪਣਾਈਏ। ਸਮਾਜ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਵਿਚਾਰਧਾਰਾ ਵਿੱਚੋਂ ਲੋਕ ਦਿਖਾਵਾ, ਭੜਕੀਲਾਪਨ, ਰੌਲਾ ਰੱਪਾ ਜਾਂ ਝੂਠੀ ਚਮਕ-ਦਮਕ ਨਹੀਂ, ਸਗੋਂ ਅਧਿਆਤਮਕ ਅਤੇ ਸਮਾਜਿਕ ਗਿਆਨ, ਸੇਵਾ, ਦਇਆ, ਮਿਹਨਤ, ਸੱਚਾਈ ਅਤੇ ਭਾਈਚਾਰਕ ਸਾਂਝ ਵਧਾਉਣ ਦਾ ਸੁਨੇਹਾ ਹੈ।

ਇਸ ਪ੍ਰਕਾਸ਼ ਦਿਹਾੜੇ ਉੱਤੇ ਤਿਆਰ ਕੀਤੇ ਜਾਣ ਵਾਲੇ ਸਾਰੇ ਲੰਗਰ ਸਾਦਗੀ ਦਾ ਰੂਪ ਹੋਣ—ਸਾਦੇ, ਪੋਸ਼ਟਿਕ ਅਤੇ ਸਾਂਝ ਨੂੰ ਵਧਾਉਣ ਵਾਲੇ। ਲੰਗਰ ਉਹ ਨਹੀਂ ਜੋ ਵੱਡੇ ਖਰਚੇ ਦਾ ਪ੍ਰਤੀਕ ਬਣੇ, ਸਗੋਂ ਉਹ ਹੈ ਜੋ ਮਨੁੱਖਾਂ ਦੇ ਮਨ ਨੂੰ ਜੋੜੇ, ਦੂਰੀਆਂ ਨੂੰ ਮਿਟਾਏ ਅਤੇ ਹਰੇਕ ਨੂੰ ਗੁਰੂ ਜੀ ਦੀ ਪਵਿੱਤਰ ਰਸਦ ਵਰਗਾ ਅਨੁਭਵ ਦੇਵੇ। ਸ਼ੋਰ-ਸ਼ਰਾਬਾ, ਲਾਊਡ ਸਪੀਕਰਾਂ ਦੀ ਉੱਚੀ ਆਵਾਜ਼, ਧਮਕ ਪਾਉਂਦਾ ਮਿਊਜ਼ਿਕ ਜਾਂ ਦਿਖਾਵਾ ਗੁਰੂ ਦੀ ਸਿਖਿਆ ਦੇ ਸੰਗਤ ਨਹੀਂ। ਗੁਰਬਾਣੀ ਦੀ ਨਿਰਮਲ ਧੁਨ, ਸ਼ਬਦ-ਕੀਰਤਨ ਅਤੇ ਸਹਜ-ਸਭਾ ਹੀ ਸੱਚੇ ਸਮਾਗਮ ਦੇ ਰੂਪ ਹਨ, ਜੋ ਮਨ ਨੂੰ ਠੰਡਕ ਅਤੇ ਆਤਮਾ ਨੂੰ ਸ਼ਾਂਤੀ ਬਖ਼ਸ਼ਦੇ ਹਨ।

ਜੇ ਸਾਡਾ ਸਮਾਜ ਇਸ ਸ਼ਤਾਬਦੀ ਆਗਮਨ ਪੁਰਬ ਨੂੰ ਸਾਦਗੀ ਅਤੇ ਸਾਦੀ ਪਰੰਪਰਾ ਨਾਲ ਮਨਾਵੇ, ਤਾਂ ਇਹ ਸਮਾਗਮ ਕੇਵਲ ਮੇਲੇ-ਮੁਕਾਬਲੇ ਨਹੀਂ ਰਹਿ ਜਾਣਗੇ, ਸਗੋਂ ਗੁਰੂ ਰਵਿਦਾਸ ਜੀ ਦੇ ਬੇਗਮਪੁਰਾ ਦੇ ਸੁਪਨੇ ਦੀ ਪੂਰਨਤਾ ਵੱਲ ਇੱਕ ਕਦਮ ਹੋਣਗੇ—ਜਿੱਥੇ ਦੁੱਖ, ਭੇਦਭਾਵ, ਦਿਖਾਵਾ, ਅਹੰਕਾਰ ਅਤੇ ਵੰਡ ਦਾ ਕੋਈ ਨਾਂ-ਨਿਸ਼ਾਨ ਨਾ ਹੋਵੇ।

ਆ —ਇਸ 650 ਸਾਲਾ ਪ੍ਰਕਾਸ਼ ਦਿਹਾੜੇ ਨੂੰ ਮਨਾਉਂਦੇ ਹੋਏ ਸੱਚੀ ਗੁਰਮਤਿ ਨੂੰ ਅਪਣਾਈਏ। ਬੇਲੋੜੇ ਖਰਚੇ ਛੱਡ ਕੇ ਲੋਕ ਦਿਖਾਵੇ ਤੋ ਬਿਨ੍ਹਾਂ, ਨਿਮਰਤਾ, ਸਾਦਗੀ, ਪਿਆਰ, ਮਨੁੱਖਤਾ ਦੀ ਸੇਵਾ ਅਤੇ ਸਾਂਝੀਵਾਲਤਾ ਦੇ ਮਾਰਗ ਨੂੰ ਮਜ਼ਬੂਤ ਕਰੀਏ। ਗੁਰੂ ਰਵਿਦਾਸ ਜੀ ਦੀ ਸਿਖਿਆ ਦੇ ਰੌਸ਼ਨ ਚਾਨਣ ਵਿੱਚ, ਸਾਰਾ ਸੰਸਾਰ ਹੀ ਇੱਕ ਸੰਗਤ ਬਣੇ—ਇਸੇ ਵਿੱਚ ਇਸ ਸ਼ਤਾਬਦੀ ਪ੍ਰਕਾਸ਼ ਦਿਹਾੜੇ ਦੀ ਸੱਚੀ ਸਫਲਤਾ ਹੈ।

